Serial No. 187 G-DTN-M-QVOD

# PUNJABI

## Paper—II

## (Literature)

*Time Allowed : Three Hours* | *Maximum Marks : 300*

## INSTRUCTIONS

*Candidates should attempt questions 1 and 5 which are compulsory, and any THREE of the remaining questions, selecting at least ONE question from each Section.*

*The number of marks carried by each question is indicated at the end of the question.*

*Answers must be written in Punjabi. (Gurmukhi Script)*

**Important : Whenever a Question is being attempted, all its parts/sub-parts must be attempted contiguously. This means that before moving on to the next Question to be attempted, candidates must finish attempting all parts/sub-parts of the previous Question attempted. This is to be strictly followed.**

*Pages left blank in the answer-book are to be clearly struck out in ink. Any answers that follow pages left blank may not be given credit.*

punjabitorias.com by Satinder Sir

## SECTION—A

1. ਹੇਠ ਲਿਖੇ ਪੰਜ ਕਾਵਿ ਟੋਟਿਆਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ। ਹਰੇਕ ਕਾਵਿ-ਟੋਟੇ ਦੀ ਵਿਆਖਿਆ 150 ਸ਼ਬਦਾਂ ਦੇ ਆਸ-ਪਾਸ ਹੋਵੇ :— 12×5=60

(a) ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥

(b) ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ
ਜੋ ਮਨਿ ਚਿਤਿ ਨ ਚੇਤੇ ਸਨ ਸੋ ਗਾਲੀ ਰੱਬ ਕੀਆ ॥

(c) ਅੰਮਾਂ ! ਬੱਸ ਕਰ ਗਾਲ੍ਹੀਆਂ ਦੇਇ ਨਾਹੀਂ,
ਗਾਲ੍ਹੀ ਦਿੱਤਿਆਂ ਵਡਾ ਪਾਪ ਆਵੇ ।
ਨੀਂਉਂ ਰੱਬ ਦੀ ਪੁੱਟਣੀ ਖਰੀ ਔਖੀ,
ਧੀਆਂ ਮਾਰਿਆਂ ਵੱਡਾ ਸਰਾਪ ਆਵੇ ।
ਲੈ ਜਾਹਿ ਮੈਨੂੰ ਭਾਬੀਆਂ ਪਿੱਟੜੀ ਨੂੰ,
ਜਿੱਥੇ ਰੋਗ ਦਾ ਸੂਲ ਤੇ ਤਾਪ ਆਵੇ ।
ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ,
ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ ।

punjabitorias.com
by Satinder Sir
Scanned with CamScanner

(d) ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥
ਘੜੀ ਮੂਰਤ ਪਲ, ਸਾਚੇ ਆਏ ਸਹਜਿ ਮਿਲੇ ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ, ਕਰਤਾ ਸਭ ਬਿਧਿ ਜਾਣੈ ॥
ਜਿਨਿ ਸੀਗਾਰੀ ਤਿਸਹਿ ਪਿਆਰੀ, ਮੇਲੁ ਭਇਆ ਰੰਗੁ ਮਾਣੈ
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ, ਗੁਰਮੁਖਿ ਮਸਤਕਿ ਭਾਗ
ਨਾਨਕ ਅਹਿ ਨਿਸਿ ਰਾਵੈ ਪ੍ਰੀਤਮੁ, ਹਰਿ ਵਰੁ ਥਿਰੁ ਸੋਹਾ...

(e) ਨਾ ਮੈਂ ਮੋਮਨ ਵਿਚ ਮਸੀਤਾਂ ਨਾ ਮੈਂ ਵਿਚ ਕੁਫਰ ਦੀਆ...
ਨਾ ਮੈਂ ਪਾਕਾਂ ਵਿਚ ਪਲੀਤਾਂ ਨਾ ਮੈਂ ਮੂਸਾ ਨਾ ਫਰਔ...
ਨਾ ਮੈਂ ਅੰਦਰ ਬੇਦ ਕਿਤਾਬਾਂ ਨਾ ਵਿਚ ਭੰਗਾਂ ਨਾ ਸ਼ਰਾ...
ਨਾ ਵਿਚ ਰਿੰਦਾ ਮਸਤ ਖਰਾਬਾਂ ਨਾ ਵਿਚ ਜਾਗਣ ਨਾ ਵਿਚ ...
ਨਾ ਮੈਂ ਅਰਬੀ ਨਾ ਲਾਹੌਰੀ ਨਾ ਮੈਂ ਹਿੰਦੀ ਸ਼ਹਿਰ ਨਗੌਰੀ
ਨਾ ਹਿੰਦੂ ਨਾ ਤੁਰਕ ਪਿਸ਼ੌਰੀ ਨਾ ਮੈਂ ਰਹਿੰਦਾ ਵਿਚ ਨਦੌਨ

(a) "ਸ਼ੇਖ਼ ਫ਼ਰੀਦ ਰੂਹਾਨੀਅਤ, ਨੈਤਿਕਤਾ ਅਤੇ ਮੌਤ ਦੀ ਅਟੱਲਤਾ ਨੂੰ ਜੀਵਨ ਦੇ ਵਿਰੋਧਾਭਾਸੀ ਰੂਪ ਵਿਚ ਪ੍ਰਗਟ ਕਰਨ ਵਾਲਾ ਕਵੀ ਹੈ," ਇਸ ਕਥਨ ਦੀ ਰੌਸ਼ਨੀ ਵਿਚ ਸ਼ੇਖ਼ ਫ਼ਰੀਦ ਦੀ ਰਚਨਾ ਸੰਬੰਧੀ ਵਿਚਾਰ ਕਰੋ। (ਸ਼ਬਦ-ਸੀਮਾ : 250 ...)

(b) "ਬੁਲ੍ਹੇ ਸ਼ਾਹ ਦੀ ਕਵਿਤਾ ਵਿਚ ਇਸ਼ਕ ਇਕ ਵਿਆਪਕ ਵਿ... ਹੈ, ਜੋ ਜੀਵਨ ਵਿਚ ਵਰਜਣਾ ਅਤੇ ਨਕਾਰ ਦੀ ਤਿੱਖੀ ... ਜਗਾਉਂਦਾ ਹੈ," ਇਸ ਪੱਖ ਤੋਂ ਬੁਲ੍ਹੇ ਸ਼ਾਹ ਦੀ ਕਵਿਤਾ ... ਵਿਚਾਰ ਕਰੋ। (ਸ਼ਬਦ-ਸੀਮਾ : 25...)

(c) ਬਾਰਹਮਾਹ ਤੁਖਾਰੀ ਵਿਚ ਰੂਪਮਾਨ ਹੋਈ ਵਿਯੋਗ ਭਾਵ... ਵਿਵੇਚਨ ਕਰੋ। (ਸ਼ਬਦ-ਸੀਮਾ : 250...)

punjabitorias.com by Satinder Sir

Scanned with CamScanner

3. (a) "ਗੁਰੂ ਨਾਨਕ ਦੀ ਰਚਨਾ ਪ੍ਰਭੂ ਨਾਲ ਏਕਾਕਾਰ ਦੇ ਪ੍ਰਸੰਗ ਵਿਚ ਜੀਵਨ ਦੇ ਰੂਪਾਂਤਰਣ ਨਾਲ ਸੰਬੰਧਿਤ ਹੈ ਤੇ ਇਸ ਆਸ਼ੇ ਲਈ ਇਹ ਸਥਾਪਤ ਸਭਿਆਚਾਰ ਨਾਲ ਨਿਰੰਤਰ ਸੰਵਾਦ ਸਿਰਜਦੀ ਹੈ," ਇਸ ਕਥਨ ਵਿਚਲੇ ਭਿੰਨਾਂ ਪੱਖਾਂ ਨੂੰ ਪਰਸਪਰ ਸੰਬੰਧਿਤ ਰੂਪ ਵਿਚ ਵਿਚਾਰੋ। (ਸ਼ਬਦ-ਸੀਮਾਂ : 250) 20

(b) 'ਆਸਾ ਦੀ ਵਾਰ' ਵਿਚ ਪ੍ਰਮਾਤਮਾ ਦੀ ਨਦਰਿ, ਸ੍ਰਿਸ਼ਟੀ ਦੇ ਵਿਧਾਨ ਅਤੇ ਮਨੁੱਖ ਦੇ ਕਰਮਾਂ ਦੇ ਦਰਮਿਆਨ ਇਕ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਸੰਬੰਧ ਦੀ ਵਿਆਖਿਆ ਆਪਣੇ ਸ਼ਬਦਾਂ ਵਿਚ ਕਰੋ। (ਸ਼ਬਦ-ਸੀਮਾਂ : 250) 20

(c) ਜਪੁਜੀ ਨੂੰ 'ਕਰਤੇ ਦੀ ਰਚਨਾ' ਕਿਹਾ ਗਿਆ ਹੈ, ਇਸ ਮਤ ਦਾ ਵਿਸ਼ਲੇਸ਼ਣ ਕਰੋ। (ਸ਼ਬਦ-ਸੀਮਾਂ : 250) 20

4. (a) "ਹੀਰ ਵਾਰਿਸ ਮਨੁੱਖ ਦੀ ਸਮਾਜ ਦੀਆਂ ਸਥਾਪਤ ਸੰਸਥਾਵਾਂ ਖਿਲਾਫ਼ ਲੜਨ ਦੀ ਇਕ ਨਿਰੰਤਰ ਜੱਦੋਜਹਿਦ ਹੈ ਜਿਥੇ ਉਹ ਜਿਤਦਾ ਵੀ ਹੈ ਤੇ ਅੰਤ ਹਾਰਦਾ ਵੀ, ਪਰ ਇਸ ਵਿਚੋਂ ਉਹ ਆਪਣੇ ਸਦੀਵੀ ਨਾਇਕਤਵ ਨੂੰ ਹਾਸਿਲ ਕਰ ਲੈਂਦਾ ਹੈ," ਇਸ ਪੱਖ ਤੋਂ ਹੀਰ ਵਾਰਿਸ ਸੰਬੰਧੀ ਵਿਚਾਰ ਕਰੋ। (ਸ਼ਬਦ-ਸੀਮਾਂ : 250) 20

(b) "ਹੀਰ ਵਾਰਿਸ ਦੀ ਬੋਲੀ ਮਨੁੱਖ ਦੇ ਜਜ਼ਬੇ ਦਾ ਸੱਚ ਹੀ ਨਹੀਂ, ਸਗੋਂ ਇਹ ਪਾਤਰਾਂ ਦੇ ਸਮੁੱਚੇ ਵਿਅਕਤਿਤਵ ਅਤੇ ਸਮਾਜਿਕ ਵਿਰੋਧਾਂ ਦੇ ਵਰਤਾਰੇ ਦੀ ਤਰਜਮਾਨੀ ਵੀ ਹੈ," ਹੀਰ ਵਾਰਿਸ ਦੀ ਬੋਲੀ ਨੂੰ ਪਾਤਰਾਂ ਅਤੇ ਸਥਿਤੀਆਂ ਦੇ ਭੇੜ ਦੇ ਪੱਖ ਤੋਂ ਚਰਚਾ ਦਾ ਵਿਸ਼ਾ ਬਣਾਉ। (ਸ਼ਬਦ-ਸੀਮਾਂ : 250) 20

(c) ਪੰਜਾਬੀ ਸੂਫੀ ਕਾਵਿ ਦੀਆਂ ਮੂਲ ਰੂੜ੍ਹੀਆਂ ਦੇ ਪ੍ਰਸੰਗ ਵਿਚ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਬਾਰੇ ਚਰਚਾ ਕਰੋ। (ਸ਼ਬਦ-ਸੀਮਾਂ : 250) 20

 (Contd.)

punjabiforias.com by Satinder Sir
Scanned with CamScanner

## SECTION—B

5. ਹੇਠ ਲਿਖੇ ਪੰਜ ਕਾਵਿ/ਗਦ ਖੰਡਾਂ ਦੀ ਪ੍ਰਸੰਗ ਸਹਿਤ ਆਲੋਚਨਾਤਮਕ ਵਿਆਖਿਆ ਕਰੋ। ਹਰੇਕ ਕਾਵਿ/ਗਦ ਖੰਡ ਦੀ ਵਿਆਖਿਆ 150 ਸ਼ਬਦਾਂ ਦੇ ਆਸ-ਪਾਸ ਹੋਵੇ :— 12×5=60

(a) ਪਿੱਛੇ ਇਕ ਸਰਕਾਰ ਦੇ ਖੇਡ ਚੱਲੀ,
ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੇ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁਤਰ ਜਿਉ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ।

(b) ਪਲੇਟਫ਼ਾਰਮ ਤੇ ਤੁਰੇ ਜਾਂਦਿਆਂ ਦੂਰਾਂ ਸਿਰਲੇਖਾਂ ਨੂੰ ਪੜ੍ਹ ਕੇ ਬਾਬ ਜੀ ਦੇ ਦਿਲ ਨੂੰ—ਜਿਹੜਾ ਪਹਿਲਾਂ ਹੀ ਖੁਸ਼ੀ ਨਾਲ ਲਬਰੇਜ਼ ਸੀ—ਹੋਰ ਜ਼ਿਆਦਾ ਖੁਸ਼ੀ ਮਹਿਸੂਸ ਹੋਈ।

ਫੇਰ ਇਕ ਹੋਰ ਸੁਰਖ਼ੀ ਉਤੇ ਉਹਨਾਂ ਦੀ ਨਜ਼ਰ ਜਾ ਪਈ—'ਭਲੋਵਾਲ ਵਿਚ ਇਕ ਭਿਆਨਕ ਕਤਲ ਤੇ ਆਤਮ ਹੱਤਿਆ ਏਸ ਸੁਰਖ਼ੀ ਨੇ ਪਹਿਲਾਂ ਨਾਲੋਂ ਵੀ ਵੱਧ ਬਾਬਾ ਜੀ ਦੀ ਨਜ਼ ਨੂੰ ਖਿੱਚਿਆ—ਸ਼ਾਇਦ ਆਪਣੇ ਇਲਾਕੇ ਦਾ ਵਾਕਿਆ ਹੋਣ ਕ ਕੇ ਤੇ ਤੁਰੇ ਜਾਂਦਿਆਂ ਜਦ ਹੇਠਲੀ ਖ਼ਬਰ ਉਹਨਾਂ ਪੜ੍ਹੀ ਤਾਂ ਲ ਉਹਨਾਂ ਦੀਆਂ ਡੋਲਣ ਲੱਗ ਪਈਆਂ—ਡਿੱਗ ਪੈਣ ਦੇ ਡਰੋਂ ਉ ਲਾਗਲੀ ਬੈਂਚ ਉਤੇ ਬੈਠ ਗਏ। ਖ਼ਬਰ ਸੀ—



(Contd.

punjabitorias.com by Satinder Sir

Scanned with CamScanner

(c) ਕਲਾ ਆਪਣੇ ਵਿਕਾਸ ਲਈ ਸੁਤੰਤਰਤਾ ਮੰਗਦੀ ਹੈ। ਕਲਾ-ਵਿਹੂਣੇ ਲੋਕ ਮੁਨਾਫ਼ਿਆਂ, ਖ਼ਿਤਾਬਾਂ ਤੇ ਹਕੂਮਤ ਦੇ ਛਲਾਵਿਆਂ ਵਿਚ ਰੂਹ ਗਵਾ ਬਹਿੰਦੇ ਹਨ।

ਕਲਾ ਦਿਲ ਦੀਆਂ ਖ਼ਿਲਾਵਾਂ ਭਰ ਦੇਂਦੀ ਹੈ, ਧੱਬੇ ਰੰਗ ਦੇਂਦੀ ਹੈ, ਆਜ਼ਾਦ ਕਰਦੀ, ਬੇ-ਮੁਥਾਜ ਕਰਦੀ ਤੇ ਭਰਪੂਰਤਾ ਦਾ ਅਹਿਸਾਸ ਪੈਦਾ ਕਰਦੀ ਹੈ। ਪਰ ਇਹ ਆਸ਼ ਭਰਿਆ ਵਾਯੂਮੰਡਲ ਮੰਗਦੀ ਹੈ : ਸੁਹਣੀ ਰਹਿਣੀ, ਮਿੱਠੀ ਬੋਲੀ, ਹਮਦਰਦ ਦਿਲ, ਪ੍ਰਸੰਨ ਅੱਖਾਂ, ਖ਼ੁਸ਼ ਕਰਨ ਦੀ ਰੀਝ, ਕੰਮ ਆਉਣ ਦੀ ਤਾਂਘ, ਪਿਆਰਨ ਦੀ ਭੁੱਖ, ਖਿਮਾਂ ਕਰਨ ਦੀ ਅਸਾਨੀ।

(d) ਉਸ ਨੂੰ ਆਪਣੇ ਭਰਾ ਦੀ ਛਾਂ ਹੇਠ ਮੌਲਣ ਦਿਉ। ਜਦੋਂ ਇਕ ਡਿੱਗਿਆ ਤਾਂ ਦੂਜਾ ਵੀ ਨਾਲ ਹੀ ਰੁੜ੍ਹ ਜਾਵੇਗਾ। ਜ਼ਿੰਦਗੀ ਅਜੀਬ ਮਖੌਲ ਹੈ। ਧੀਆਂ ਦੀਆਂ ਰਗਾਂ ਵਿਚ ਬਾਪ ਦਾ ਪਵਿੱਤਰ ਖ਼ੂਨ ਦੌੜਦਾ ਹੈ ਤੇ ਪੁੱਤਾਂ ਨੂੰ ਵਿਰਸੇ ਵਿਚ ਬਾਸੀ ਰੋਗ ਮਿਲੇ।

(e) ਪੰਜਾਬੀਆਂ ਵਿਚ ਕੋਈ ਚਾ ਭੀ ਹੈ ?
ਪੰਜਾਬ ਦੀ ਸ਼ਾਨ ਬਣਾਉਣ ਦਾ।
ਪਾਟੇ ਹੋਏ ਸੀਨੇ ਸੀਉਣ ਦਾ ?
ਨਿਖੱੜੇ ਹੋਏ ਵੀਰ ਮਿਲਾਉਣ ਦਾ ?
ਹਿੰਦੂ, ਮੋਮਨ, ਸਿੱਖ, ਈਸਾਈ,
ਘਿਓ ਖਿਚੜੀ ਹੋ ਗਏ ਹੋਵਣਗੇ।
ਕਿਰਸਾਣ, ਵਪਾਰੀ ਤੇ ਕਿਰਤੀ,
ਇਕ ਥਾਂਏ ਖਲੋ ਗਏ ਹੋਵਣਗੇ।



(Contd.)

punjabitorias.com by Satinder Sir
Scanned with CamScanner

6. (a) "ਧਨੀ ਰਾਮ ਚਾਤ੍ਰਿਕ ਸਮਾਜ ਦੇ ਪ੍ਰਵਾਨ ਵਰਤਾਰੇ ਨੂੰ ਨਵੀਨਤਾ ਵਿਚ ਢਾਲਣ ਵਾਲਾ ਕਵੀ ਹੈ," ਚਾਤ੍ਰਿਕ ਦੀ ਕਵਿਤਾ ਵਿਚ ਪਰੰਪਰਾ ਅਤੇ ਨਵੀਨਤਾ ਵਿਚਲੇ ਸੰਬੰਧ ਨੂੰ ਉਜਾਗਰ ਕਰੋ।
(ਸ਼ਬਦ-ਸੀਮਾਂ : 250) 20

(b) " 'ਜੰਗ ਸਿੰਘਾਂ ਤੇ ਫਰੰਗੀਆਂ' ਰਚਨਾ ਵਿਚ ਸ਼ਾਹ ਮੁਹੰਮਦ ਨੇ ਸਾਂਝੀ ਪੰਜਾਬੀਅਤ, ਅਜ਼ਾਦੀ ਲਈ ਤੜਪ ਅਤੇ ਮਾਨਵੀ ਸੰਵੇਦਨਾ ਦੇ ਪ੍ਰਗਟਾਵੇ ਨੂੰ ਇਕ ਸੰਬੰਧ ਅਧੀਨ ਪੇਸ਼ ਕੀਤਾ ਹੈ," ਇਸ ਕਥਨ ਦੀ ਵਿਆਖਿਆ ਤੇ ਪਰੀਖਿਆ ਕਰੋ।
(ਸ਼ਬਦ-ਸੀਮਾਂ : 250) 20

(c) 'ਜੰਗ ਸਿੰਘਾਂ ਤੇ ਫਰੰਗੀਆਂ' ਵਿਚ ਇਤਿਹਾਸ ਦਾ ਕਾਵਿ-ਰੂਪਾਂਤਰਣ ਹੋਇਆ ਹੈ। ਇਤਿਹਾਸ ਅਤੇ ਕਾਵਿ ਦੇ ਚਰਿਤ੍ਰ ਨੂੰ ਧਿਆਨ ਵਿਚ ਰਖਦਿਆਂ ਇਸ ਬਾਰੇ ਵਿਵੇਚਨ ਕਰੋ।
(ਸ਼ਬਦ-ਸੀਮਾਂ : 250) 20

7. (a) "ਨਾਨਕ ਸਿੰਘ ਜਿਸ ਇਤਿਹਾਸਕ ਦੌਰ ਨੂੰ ਚਿਤਰਦਾ ਹੈ, ਉਸ ਵਿਚ ਸੱਤਾ ਅਤੇ ਪੈਸੇ ਦਾ ਆਤੰਕ ਮਾਨਵ ਨੂੰ ਉਸ ਦੀ ਜਿੰਦਗੀ ਤੋਂ ਮਹਿਰੂਮ ਕਰਨ ਵਾਲਾ ਹੈ," ਇਸ ਪ੍ਰਸੰਗ ਵਿਚ 'ਚਿੱਟਾ ਲਹੂ', 'ਪਵਿਤਰ ਪਾਪੀ' ਅਤੇ 'ਇਕ ਮਿਆਨ ਦੋ ਤਲਵਾਰਾਂ' ਸੰਬੰਧੀ ਚਰਚਾ ਕਰੋ। (ਸ਼ਬਦ-ਸੀਮਾਂ : 250) 20

(b) ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀ ਵਾਰਤਕ ਇਕ ਸੁਚੱਜੇ ਤਰਕਸ਼ੀਲ ਸ਼ਹਿਰੀ ਨੂੰ ਹੀ ਸਿਰਜਦੀ ਹੈ ਜਾਂ ਇਸ ਵਿਚ ਇਕ ਕਰਾਂਤੀਕਾਰੀ ਨਾਇਕ ਨੂੰ ਸਿਰਜਣ ਦੀਆਂ ਸੰਭਾਵਨਾਵਾਂ ਵੀ ਮੌਜੂਦ ਹਨ? ਵਿਚਾਰ ਕਰੋ। (ਸ਼ਬਦ-ਸੀਮਾਂ : 250) 20

(c) 'ਸਫ਼ਰਨਾਮਾ' ਰੂਪਾਕਾਰ ਦੀ ਦ੍ਰਿਸ਼ਟੀ ਤੋਂ ਬਲਰਾਜ ਸਾਹਨੀ ਦੇ ਸਫ਼ਰਨਾਮੇ—ਮੇਰਾ ਪਾਕਿਸਤਾਨੀ ਸਫ਼ਰਨਾਮਾ, ਦੀ ਪ੍ਰਕਿਰਤੀ ਦੇ ਵਿਸ਼ੇਸ਼ ਪੱਖਾਂ ਦੀ ਪਛਾਣ ਕਰੋ। (ਸ਼ਬਦ-ਸੀਮਾਂ : 250) 20



(Contd.)

punjabiforias.com by Satinder sir
Scanned with CamScanner

ਜਜ਼ਬਿਆਂ ਨੂੰ ਨਿਆਂਸੰਗਤ ਠਹਿਰਾ ਕੇ ਪੇਸ਼ ਕਰਦਾ ਹੈ।" ਚਰਚਾ ਕਰੋ ਕਿ ਗਾਰਗੀ ਦੇ ਨਾਟਕਾਂ ਵਿਚ ਜਜ਼ਬੇ ਤੇ ਮਰਿਆਦਾ ਦਾ ਟਕਰਾਉ ਕਿਵੇਂ ਪੇਸ਼ ਹੋਇਆ ਹੈ ? ਆਧਾਰ 'ਲੋਹਾ ਕੁੱਟ' 'ਧੂਣੀ ਦੀ ਅੱਗ' ਅਤੇ 'ਸੁਲਤਾਨ ਰਜ਼ੀਆ' ਨੂੰ ਬਣਾਉ।

(ਸ਼ਬਦ-ਸੀਮਾ : 250) 20

ਸੰਤ ਸਿੰਘ ਸੇਖੋਂ ਨੇ 'ਸਾਹਿਤਿਆਰਥ' ਰਾਹੀਂ ਪੰਜਾਬੀ ਵਿਚ ਪਹਿਲੀ ਵਾਰ ਨਿੱਠ ਕੇ ਸਿਧਾਂਤ-ਚਿੰਤਨ ਕੀਤਾ ਹੈ, ਪਰ ਉਸ ਦੀ ਆਲੋਚਨਾ ਵਿਚ ਸੂਖ਼ਮ ਕਲਾ ਅਤੇ ਸਥੂਲ ਸਮਾਜ ਦੇ ਪਰਸਪਰ ਸੰਬੰਧ ਵਾਲਾ ਬੁਨਿਆਦੀ ਮਸਲਾ ਅਣ-ਸੁਲਝਿਆ ਹੀ ਰਹਿੰਦਾ ਹੈ। ਇਸ ਕਥਨ ਦੀ ਰੋਸ਼ਨੀ ਵਿਚ ਸੰਤ ਸਿੰਘ ਸੇਖੋਂ ਦੀ ਆਲੋਚਨਾ ਸੰਬੰਧੀ ਚਰਚਾ ਕਰੋ। (ਸ਼ਬਦ-ਸੀਮਾ : 250) 20

ਧਨੀ ਰਾਮ ਚਾਤ੍ਰਿਕ ਆਪਣੀ ਕਵਿਤਾ ਵਿਚ ਪੰਜਾਬੀ ਸਭਿਆਚਾਰ ਦਾ ਚਿਤਰ ਅਤੇ ਚਰਿਤ੍ਰ ਪੇਸ਼ ਕਰਦਾ ਹੈ—ਇਸ ਕਥਨ ਦਾ ਵਿਸ਼ਲੇਸ਼ਣ ਕਰੋ। (ਸ਼ਬਦ-ਸੀਮਾ : 250) 20

punjabiforias.com by Satinder Singh